# ਵਾਰ ਵਾਰ ਪੁੱਛੇ ਜਾਣ ਵਾਲੇ ਸਵਾਲ
# ਵਿਅਕਤੀਗਤ ਵਿਦਿਆਰਥੀ ਰਿਪੋਰਟਾਂ

NAPLAN

2021

NAPLAN ਰਾਸ਼ਟਰੀ ਪੱਧਰ ਦਾ ਸਾਖਰਤਾ ਅਤੇ ਅੰਕ ਗਿਆਨ ਦਾ ਮੁਲਾਂਕਣ (ਇਮਤਿਹਾਨ) ਹੈ ਜਿਸ ਵਿੱਚ ਜਮਾਤ 3, 5, 7 ਅਤੇ 9 ਦੇ ਛਾਤਰ, ਹਰ ਸਾਲ ਮਈ ਦੇ ਮਹੀਨੇ ਵਿੱਚ ਬਹਿੰਦੇ ਹਨ। ਸਾਖਰਤਾ ਅਤੇ ਅੰਕ ਗਿਆਨ ਦੇ ਹੁਨਰ, ਸਿੱਖਿਆ ਦੀ ਬੁਨਿਆਦ ਲਈ ਅਹਿਮ ਹਨ। NAPLAN ਇਕਲੌਤਾ ਰਾਸ਼ਟਰੀ ਇਮਤਿਹਾਨ ਹੈ ਜੋ ਕਿ ਹੀ ਔਸਟ੍ਰੇਲਿਆਈ ਬੱਚੇ ਦੇ ਸਕਦੇ ਹਨ। ਸਵਾਲ ਔਸਟ੍ਰੇਲੀਅਨ ਪਾਠਕ੍ਰਮ ਨਾਲ ਜੁੜੇ ਵਿਸ਼ਿਆਂ: ਅੰਗਰੇਜ਼ੀ ਅਤੇ ਗਣਿਤ ਦਾ ਮੁਲਾਂਕਣ ਕਰਦੇ ਹਨ ।

NAPLAN ਦੇ ਨਤੀਜੇ ਮਾਪਿਆਂ/ਦੇਖਭਾਲ ਕਰਤਾਵਾਂ ਅਤੇ ਸਿੱਖਿਅਕਾਂ ਨੂੰ ਇਹ ਦੇਖਣ ਦੇ ਸਮਰੱਥ ਬਣਾਉਂਦੇ ਹਨ ਕਿ ਸਮੇਂ ਨਾਲ, ਸਾਖਰਤਾ ਅਤੇ ਅੰਕ ਗਿਆਨ ਵਿੱਚ ਬੱਚਿਆਂ ਦਾ ਵਿਕਾਸ ਕਿਵੇਂ ਚੱਲ ਰਿਹਾ ਹੈ - ਵਿਅਕਤੀਗਤ ਰੂਪ ਵਿੱਚ ਸਕੂਲ ਦੀ ਬਿਰਦਰੀ ਦੇ ਪੱਧਰ ‘ਤੇ, ਅਤੇ ਰਾਸ਼ਟਰੀ ਪੱਧਰਾਂ ਦੇ ਹਿਸਾਬ ਨਾਲ ਵੀ।

NAPLAN ਦੇ ਇਮਤਿਹਾਨ, ਹਰ ਸਕੂਲ ਵੱਲੋਂ ਕੀਤੇ ਜਾਣ ਵਾਲੇ ਮੁਲਾਂਕਣ ਅਤੇ ਰਿਪੋਰਟ ਪ੍ਰਣਾਲੀ ਦਾ ਇੱਕ ਹਿੱਸਾ ਹੁੰਦਾ ਹੈ, ਇਹ ਅਧਿਆਪਕਾਂ ਵੱਲੋਂ ਹਰ ਇੱਕ ਵਿਦਿਆਰਥੀ ਦੇ ਕੀਤੇ ਜਾਣ ਵਾਲੇ ਵਿਆਪਕ ਅਤੇ ਨਿਰੰਤਰ ਮੁਲਾਂਕਣ ਦੀ ਜਗ੍ਹਾ ਨਹੀਂ ਲੈ ਸਕਦੇ। ਤੁਹਾਡੇ ਬੱਚੇ ਦੇ ਅਧਿਆਪਕ ਕੋਲ ਤੁਹਾਡੇ ਬੱਚੇ ਦੇ ਸਿੱਖਿਆ ਦੇ ਵਿਕਾਸ ਦੀ ਸਭ ਤੋਂ ਵਧੀਆ ਸਮਝ ਹੋਵੇਗੀ। ਹੋਰ ਸਕੂਲੀ ਮੁਲਾਂਕਣ ਰਿਪੋਰਟਾਂ ਦੇ ਨਾਲ ਨਾਲ, NAPLAN ਰਿਪੋਰਟਾਂ ਦੀ ਵੀ ਵਰਤੋਂ, ਅਧਿਆਪਕ ਨਾਲ ਇਹ ਜਾਨਣ ਲਈ ਕੀਤੀ ਜਾ ਸਕਦੀ ਹੈ ਕਿ ਤੁਹਾਡਾ ਬੱਚਾ ਕਿਨ੍ਹਾਂ ਚੀਜ਼ਾਂ ਵਿੱਚ ਵਧੀਆ ਕਰ ਰਿਹਾ ਹੈ ਅਤੇ ਕਿਹੜੇ ਖੇਤਰਾਂ ਵਿੱਚ ਉਸ ਨੂੰ ਸੁਧਾਰ ਦੀ ਲੋੜ ਹੈ।

## ਮੈਨੂ ਆਪਣੇ ਬੱਚੇ ਦੀ NAPLAN ਰੀਪੋਰਟ ਕਦੋਂ ਮਿਲੇਗੀ ਅਤੇ ਇਹ ਮੈਨੂੰ ਕੀ ਦੱਸੇਗੀ?

ਜੇ ਤੁਸੀਂ ਕਿਸੇ ਅਜਿਹੇ ਬੱਚੇ ਦੇ ਮਾਤਾ/ਪਿਤਾ/ਦੇਖਭਾਲ ਕਰਤਾ ਹੋ, ਜਿਸਨੇ ਇਸ ਸਾਲ ਮਈ ਵਿੱਚ NAPLAN ਦੇ ਟੈਸਟ ਦਿੱਤੇ ਸਨ, ਤਾਂ ਤੁਹਾਡਾ ਸਕੂਲ ਤੁਹਾਨੂੰ ਤੁਹਾਡੇ ਬੱਚੇ ਦੀ ਵਿਅਕਤੀਗਤ ਨਤੀਜਿਆਂ ਦੀ ਰਿਪੋਰਟ ਦੇਵੇਗਾ।

ਇੱਕ ਵਾਰ ਜਦੋਂ ਸੂਬੇ ਅਤੇ ਟੈਰੀਟਰੀ ਦੀਆਂ ਇਮਤਿਹਾਨ ਪ੍ਰਸ਼ਾਸਨਿਕ ਅਥਾਰਟੀਆਂ (ਅਧਿਕਾਰਕ ਸੰਸਥਾਵਾਂ) (www.nap.edu.au/taa) ਸਕੂਲਾਂ ਨੂੰ ਇਕੱਲੀਆਂ ਇਕੱਲੀਆਂ NAPLAN ਵਿਦਿਆਰਥੀ ਰਿਪੋਰਟਾਂ ਸਕੂਲਾਂ ਨੂੰ ਦੇ ਦੇਣ, ਤਾਂ ਤੁਸੀਂ ਆਪਣੇ ਬੱਚੇ ਦੀ NAPLAN ਰਿਪੋਰਟ ਅਗਸਤ ਤੋਂ ਪ੍ਰਾਪਤ ਕਰਨ ਦੀ ਉਮੀਦ ਕਰ ਸਕਦੇ ਹੋ।

ਤੁਸੀਂ ਪੜ੍ਹਨ, ਲਿਖਣ, ਸਪੈਲਿੰਗ, ਵਿਆਕਰਣ ਅਤੇ ਵਿਰਾਮ ਚਿੰਨ੍ਹ ਅਤੇ ਅੰਕ ਗਿਆਨ ਸਬੰਧੀ ਆਪਣੇ ਬੱਚੇ ਦੇ NAPLAN ਨਤੀਜੇ ਦਿਖਾਉਂਦੇ ਪੰਜ ਉਪਲਬਧੀ ਸਕੇਲ (ਜਾਂ ‘ਰਾਕੇਟ ਸ਼ਿਪਸ’) ਵੇਖੋਗੇ।

ਸਾਲ 3, 5, 7 ਅਤੇ 9 ਦੇ ਸਾਖਰਤਾ ਅਤੇ ਅੰਕ ਗਿਆਨ ਮੁਲਾਂਕਣ ਦੇ ਨਤੀਜੇ, ਬੈਂਡ 1 ਤੋਂ ਬੈਂਡ 10 ਦੇ ਪੈਮਾਨੇ ‘ਤੇ ਦੱਸੇ ਜਾਂਦੇ ਹਨ। ਇਹ ਸਕੇਲ, ਇਮਤਿਹਾਨਾਂ ਵਿੱਚ ਪ੍ਰਦਰਸ਼ਿਤ ਕੀਤੇ ਗਏ ਵੱਧਦੇ ਪੱਧਰ ਦੇ ਗਿਆਨ, ਸਮਝ ਅਤੇ ਹੁਨਰਾਂ ਨੂੰ ਦਰਸਾਉਂਦਾ ਹੈ।

## ਸਕੂਲਾਂ ਵਿੱਚ NAPLAN ਮੁਹਈਆ ਕਰਵਾਇਆ ਜਾਂਦਾ ਹੈ?

NAPLAN ਹੁਣ ਆਨਲਾਇਨ ਤਬਦੀਲ ਹੋ ਰਿਹਾ ਹੈ, ਜਿਸ ਦਾ ਮੰਤਵ ਹੈ ਕਿ 2022 ਤੱਕ, ਸਾਰੇ ਹੀ ਸਕੂਲਾਂ ਨੂੰ ਕਾਗਜ਼ ਰਾਹੀਂ ਦਿੱਤੇ ਗਏ ਟੈਸਟਾਂ ਤੋਂ ਬਦਲ ਕੇ ਆਨਲਾਇਨ ਟੈਸਟਿੰਗ ਵੱਲ ਲਿਆਂਦਾ ਜਾਵੇ।

ਇਸ ਦਾ ਅਰਥ ਹੈ ਕਿ ਮਈ 2021 ਵਿੱਚ, ਕੁਝ ਵਿਦਿਆਰਥੀਆਂ ਨੇ NAPLAN ਕਾਗਜ਼ ਉੱਤੇ ਦਿੱਤਾ, ਜਦ ਕਿ ਕਈਆਂ ਨੇ ਆਨਲਾਇਨ।

NAPLAN ਆਨਲਾਇਨ ਬਿਹਤਰ ਇਮਤਿਹਾਨ ਪ੍ਰਦਾਨ ਕਰਦਾ ਹੈ, ਵਧੇਰੇ ਸਪੱਸ਼ਟ ਨਤੀਜੇ ਅਤੇ ਵਿਦਿਆਰਥੀਆਂ ਲਈ ਹੋਰ ਜ਼ਿਆਦਾ ਰੁਝਾਈ ਰੱਖਣ ਵਾਲਾ ਹੁੰਦਾ ਹੈ।

## ਮੈਂ ਰਿਪੋਰਟ ਨੂੰ ਕਿਵੇਂ ਪੜ੍ਹਾਂ?

ਹਰ ਇੱਕ ਰਾਕੇਟ ਸ਼ਿੱਪ ਵਿੱਚ, ਇੱਕ ਬਿਆਨ ਹੁੰਦਾ ਹੈ ਜੋ ਇਸਦਾ ਸਪਸ਼ਟੀਕਰਨ ਕਰਦਾ ਹੈ ਕਿ ਕੀ ਤੁਹਾਡੇ ਬੱਚੇ ਨੇ ਹਰ ਇੱਕ ਇਮਤਿਹਾਨ ਆਨਲਾਇਨ ਦਿੱਤਾ ਜਾਂ ਫੇਰ ਕਾਗਜ਼ ‘ਤੇ। ਸਾਲ 3 ਦੇ ਸਾਰੇ ਵਿਦਿਆਰਥੀ ਲਿਖਣ ਵਾਲਾ ਇਮਤਿਹਾਨ ਕਾਗਜ਼ ‘ਤੇ ਦਿੰਦੇ ਹਨ।

ਇਸ ਦੀ ਪਰਵਾਹ ਕੀਤੇ ਬਗੈਰ ਕਿ ਕੀ ਵਿਦਿਆਰਥੀਆਂ ਨੇ ਟੈਸਟ ਆਨਲਾਇਨ ਕੀਤਾ ਹੈ ਜਾਂ ਕਾਗਜ਼ ‘ਤੇ:

- ਵਿਦਿਆਰਥੀਆਂ ਦਾ ਮੁਲਾਂਕਣ, ਪਾਠਕ੍ਰਮ ਵਿਸ਼ਿਆਂ ਅਨੁਸਾਰ ਪੜ੍ਹਾਏ ਗਏ ਉਨ੍ਹਾਂ ਹੀ ਬੁਨਿਆਦੀ ਸਾਖਰਤਾ ਅੰਕ ਗਿਆਨ ਹੁਨਰਾਂ ਅਨੁਸਾਰ ਕੀਤਾ ਜਾਂਦਾ ਹੈ
- ਵਿਦਿਆਰਥੀਆਂ ਦੇ ਨਤੀਜਿਆਂ ਨੂੰ ਉਸੇ NAPLAN ਮੁਲਾਂਕਣ ਸਕੇਲਾਂ (ਪੱਧਰਾਂ) ਦੇ ਵਿਰੁੱਧ ਮਾਪਿਆ ਜਾਣਾ ਜਾਰੀ ਰਹੇਗਾ, ਭਾਵ ਦੋਹਾਂ ਫਾਰਮੈਟਾਂ (ਤਰੀਕਿਆਂ) ਦੇ ਨਤੀਜੇ ਤੁਲਨਾਤਮਕ ਹਨ।

NAPLAN ਇੱਕ ਬਹੁਮੁੱਲਾ ਸਾਧਨ ਹੈ ਜੋ ਸਮੇਂ ਦੇ ਨਾਲ ਇੱਕ ਵਿਦਿਆਰਥੀ ਦੀ ਕਾਰਗੁਜ਼ਾਰੀ ਬਾਰੇ ਉਪਯੋਗੀ ਸਮਝ ਪ੍ਰਦਾਨ ਕਰ ਸਕਦਾ ਹੈ, ਪਰ ਵਿਅਕਤੀਗਤ ਰਿਪੋਰਟਾਂ ਨੂੰ ਧਿਆਨ ਨਾਲ ਸਮਝਿਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਵਿਦਿਆਰਥੀ ਦੇ ਪ੍ਰੀਖਿਆ ਵਾਲੇ ਦਿਨ ਦੇ ਪ੍ਰਦਰਸ਼ਨ ਨੂੰ ਦਰਸਾਉਂਦੀਆਂ ਹਨ।

ਹਰ ਸਲਾਨਾ ਪੱਧਰ ‘ਤੇ, ਸਿਰਫ਼ ਛੇ ਸਭ ਤੋਂ ਜ਼ਿਆਦਾ ਢੁਕਵੇਂ ਬੈਂਡ ਹੀ ਵਿਦਿਆਰਥੀ ਰਿਪੋਰਟ ਉੱਤੇ ਦਿਖਾਏ ਜਾਂਦੇ ਹਨ। ਸਾਲ 3 ਦੀ ਰਿਪੋਰਟ ਬੈਂਡ 1–6, ਸਾਲ 5 ਦੀ ਰਿਪੋਰਟ ਬੈਂਡ 3–8, ਸਾਲ 7 ਦੀ ਰਿਪੋਰਟ ਬੈਂਡ 4–9 ਅਤੇ ਸਾਲ 9 ਦੀ ਰਿਪੋਰਟ ਬੈਂਡ 5-10 ਦਿਖਾਉਂਦੀ ਹੈ। ਵਿਦਿਆਰਥੀ ਰਿਪੋਰਟ ਵਿੱਚ ਬਣੇ ਚਿੱਤਰ, ਦਰਮਿਆਨੇ 60 ਪ੍ਰਤੀਸ਼ਤ ਵਿਦਿਆਰਥੀਆਂ ਦਾ ਦਾਇਰਾ, ਰਾਸ਼ਟਰੀ ਔਸਤ ਨਤੀਜਾ ਅਤੇ ਹਰ ਸਾਲ ਦੇ ਪੱਧਰ ਲਈ ਰਾਸ਼ਟਰੀ ਘੱਟੋ-ਘੱਟ ਮਿਆਰ ਵਖਾਉਂਦੇ ਹਨ। ਕੁਝ ਪ੍ਰਦੇਸ਼ਾਂ ਅਤੇ ਖੇਤਰਾਂ ਵਿੱਚ, ਰਿਪੋਰਟਾਂ ਸਕੂਲ ਅਤੇ/ਜਾਂ ਪ੍ਰਦੇਸ਼ ਦੀ ਔਸਤ ਵੀ ਦਰਸਾਉਂਦੀਆਂ ਹਨ। ਰਿਪੋਰਟ ਉਨ੍ਹਾਂ ਹੁਨਰਾਂ ਦਾ ਸਾਰ ਵੀ ਪ੍ਰਦਾਨ ਕਰਦੀ ਹੈ, ਜੋ ਵਿਦਿਆਰਥੀਆਂ ਨੇ ਆਮ ਤੌਰ ‘ਤੇ ਹਰ ਇੱਕ ਬੈਂਡ ਦੇ ਇਮਤਿਹਾਨਾਂ ਵਿੱਚ ਪ੍ਰਦਰਸ਼ਿਤ ਕੀਤੇ ਹਨ।

## NAPLAN ਮੇਰੇ ਬੱਚੇ ਦੀ ਸਹਾਇਤਾ ਕਿਵੇਂ ਕਰਦਾ ਹੈ?

NAPLAN ਵਿਦਿਆਰਥੀਆਂ ਨੂੰ ਇਹ ਪ੍ਰਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਕਿ ਉਨ੍ਹਾਂ ਨੇ ਸਾਖਰਤਾ ਅਤੇ ਅੰਕ ਗਿਆਨ ਦੇ ਖੇਤਰਾਂ ਵਿੱਚ ਕੀ ਕੁਝ ਸਿੱਖਿਆ ਹੈ। ਵਿਦਿਆਰਥੀ ਦੇ ਵਿਅਕਤੀਗਤ ਨਤੀਜੇ ਮਾਪਿਆਂ/ਦੇਖਭਾਲ ਕਰਨ ਵਾਲਿਆਂ ਨੂੰ ਦਿਖਾਉਂਦੇ ਹਨ ਕਿ ਉਨ੍ਹਾਂ ਦੇ ਬੱਚੇ ਨੇ ਪੜ੍ਹਨ, ਲਿਖਣ, ਸਪੈਲਿੰਗ, ਵਿਆਕਰਣ ਅਤੇ ਵਿਰਾਮ ਚਿੰਨ੍ਹ ਅਤੇ ਅੰਕਾਂ ਦੇ ਟੈਸਟਾਂ ਵਿੱਚ ਕਿਹੋ ਜਿਹਾ ਪ੍ਰਦਰਸ਼ਨ ਕੀਤਾ।

ਤੁਹਾਡੇ ਬੱਚੇ ਦੀਆਂ ਉਪਲਬਧੀਆਂ ਦੀ ਤੁਲਨਾ, ਆਸਟ੍ਰੇਲੀਆ ਦੇ ਸਾਰੇ ਵਿਦਿਆਰਥੀਆਂ ਦੀਆਂ ਉਪਲਬਧੀਆਂ ਨਾਲ ਕੀਤੀ ਜਾਂਦੀ ਹੈ, ਨਾ ਕਿ ਸਿਰਫ ਉਨ੍ਹਾਂ ਦੇ ਸਹਿਪਾਠੀਆਂ ਦੀਆਂ ਉਪਲਬਧੀਆਂ ਨਾਲ। NAPLAN ਦੇ ਨਤੀਜੇ, ਅਧਿਆਪਕਾਂ ਨਾਲ ਵਿਦਿਆਰਥੀ ਦੀ ਵਿਅਕਤੀਗਤ ਤਰੱਕੀ ਬਾਰੇ ਵਿਚਾਰ ਵਟਾਂਦਰੇ ਵਿੱਚ ਮਾਪਿਆਂ ਅਤੇ ਵਿਦਿਆਰਥੀਆਂ ਦੀ ਮਦਦ ਕਰ ਸਕਦੇ ਹਨ। ਕਿਉਂਕਿ NAPLAN ਸਾਲ 3, 5, 7 ਅਤੇ 9 ਵਿੱਚ ਤੁਹਾਡੇ ਬੱਚੇ ਦੀ ਤਰੱਕੀ ਉੱਪਰ ਨਜ਼ਰ ਰੱਖਦਾ ਹੈ, ਇਹ ਸਾਖਰਤਾ ਅਤੇ ਅੰਕ ਗਿਆਨ ਵਿੱਚ ਵਿਦਿਆਰਥੀਆਂ ਦੀ ਉਪਲਬਧੀਆਂ ਵਿੱਚ ਹੋ ਰਹੇ ਵਿਕਾਸ ਬਾਰੇ ਵੀ ਲਕਸ਼ਿਤ ਜਾਣਕਾਰੀ ਪ੍ਰਦਾਨ ਕਰਦਾ ਹੈ।

## ਨਤੀਜਿਆਂ ਦਾ ਮੇਰੇ ਬੱਚੇ ਦੇ ਭਵਿੱਖ ‘ਤੇ ਕੀ ਅਸਰ ਪਵੇਗਾ?

NAPLAN ਦੇ ਨਤੀਜੇ ਸਾਖਰਤਾ ਅਤੇ ਅੰਕ ਗਿਆਨ ਦੇ ਹੁਨਰਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ ਜੋ ਤੁਹਾਡਾ ਬੱਚਾ ਆਪਣੇ ਨਿਯਮਤ ਸਕੂਲ ਪਾਠਕ੍ਰਮ ਦੁਆਰਾ ਸਿੱਖ ਰਿਹਾ ਹੈ। ਇਸ ਦੇ ਨਤੀਜੇ, ਤੁਹਾਡੇ ਬੱਚੇ ਦੁਆਰਾ ਸਕੂਲ ਵਿੱਚ ਕੀਤੇ ਗਏ ਹੋਰ ਮੁਲਾਂਕਣਾਂ ਦੇ ਪੂਰਕ ਹਨ। ਇਹ ਤੁਹਾਨੂੰ ਅਤੇ ਤੁਹਾਡੇ ਬੱਚੇ ਦੇ ਅਧਿਆਪਕਾਂ ਨੂੰ, ਇਮਤਿਹਾਨਾਂ ਸਮੇਂ ਤੁਹਾਡੇ ਬੱਚੇ ਦੀ ਉਪਲਬਧੀਆਂ ਅਤੇ ਉਸ ਵੱਲੋਂ ਕੀਤੀ ਜਾ ਰਹੀ ਤਰੱਕੀ ਬਾਰੇ ਸਮਝ ਪ੍ਰਦਾਨ ਕਰੇਗਾ। ਇਸ ਜਾਣਕਾਰੀ ਦੀ ਵਰਤੋਂ ਤੁਹਾਡੇ ਬੱਚੇ ਨੂੰ ਉਸ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਸਹਾਇਤਾ ਕਰਨ ਲਈ ਕੀਤੀ ਜਾ ਸਕਦੀ ਹੈ।

ਹੋ ਸਕਦਾ ਹੈ ਕਿ ਕਈ ਸਕੂਲ ਆਪਣੇ ਦਾਖਲੇ ਸਬੰਧੀ ਪ੍ਰਕਿਰਿਆਵਾਂ ਲਈ, ਸਕੂਲ ਦੀਆਂ ਰਿਪੋਰਟਾਂ ਤੋਂ ਇਲਾਵਾ, NAPLAN ਰਿਪੋਰਟਾਂ ਦੀ ਵੀ ਮੰਗ ਕਰਨ। NAPLAN ਇਮਤਿਹਾਨਾਂ ਨੂੰ ਸਕੂਲਾਂ ਵਿੱਚ ਦਾਖਲੇ ਦੇ ਹਿਸਾਬ ਨਾਲ ਨਹੀਂ ਬਣਾਇਆ ਜਾਂਦਾ। ਪਰ, ਹੋ ਸਕਦਾ ਹੈ ਕਿ ਨਤੀਜੇ ਨਵੇਂ ਸਕੂਲ ਨੂੰ ਵਿਦਿਆਰਥੀ ਦੀਆਂ ਜ਼ਰੂਰਤਾਂ ਬਾਰੇ ਸੂਚਿਤ ਕਰਨ ਲਈ ਲਾਭਕਾਰੀ ਹੋਣ। ਜੇ ਤੁਹਾਨੂੰ ਕੋਈ ਵੀ ਚਿੰਤਾਵਾਂ ਹਨ, ACARA ਤੁਹਾਨੂੰ ਪ੍ਰੇਰਨਾ ਦਿੰਦਾ ਹੈ ਕਿ ਤੁਸੀਂ ਉਨ੍ਹਾਂ ਚਿੰਤਾਵਾਂ ਬਾਰੇ ਸਕੂਲ ਦੇ ਨਾਲ ਗੱਲ ਕਰੋ।

## NAPLAN ਮੇਰੇ ਸਕੂਲ ਦੀ ਸਹਾਇਤਾ ਕਿਵੇਂ ਕਰਦਾ ਹੈ?

NAPLAN ਇਕਲੌਤਾ ਰਾਸ਼ਟਰੀ ਇਮਤਿਹਾਨ ਹੈ ਜੋ ਕਿ ਔਸਟ੍ਰੇਲਿਆਈ ਬੱਚੇ ਦਿੰਦੇ ਹਨ। NAPLAN ਸਹਾਇਤਾ ਕਰਦਾ ਹੈ:

- ਇਹ ਸਮਝਣ ਵਿੱਚ ਅਧਿਆਪਕਾਂ ਦੀ, ਕਿ ਕਿਹੜੇ ਛਾਤਰਾਂ ਨੂੰ ਵਧੇਰੇ ਚੁਣੌਤੀਆਂ ਦੀ ਲੋੜ ਹੈ ਅਤੇ ਕਿਨ੍ਹਾਂ ਨੂੰ ਸਹਾਰੇ ਦੀ
- ਇਹ ਪਛਾਣ ਕਰਨ ਵਿੱਚ ਸਕੂਲਾਂ ਦੀ, ਕਿ ਪੜ੍ਹਾਉਣ ਦੇ ਕਿਹੜੇ ਖੇਤਰ ਵਧੀਆ ਕੰਮ ਕਰ ਰਹੇ ਹਨ ਅਤੇ ਕਿਨ੍ਹਾਂ ਵਿੱਚ ਹੋਰ ਮਿਹਨਤ ਦੀ ਲੋੜ ਹੈ
- ਸਾਖਰਤਾ ਅਤੇ ਅੰਕ ਗਿਆਨ ਦੇ ਟੀਚੇ ਤੈਅ ਕਰਨ ਵਿੱਚ ਸਕੂਲਾਂ ਦੀ
- ਸਕੂਲ ਦੀਆਂ ਪ੍ਰਣਾਲੀਆਂ ਦੀ, ਤਾਂ ਜੋ ਸਕੂਲਾਂ ਦੀਆਂ ਯੋਜਨਾਵਾਂ ਅਤੇ ਉਨ੍ਹਾਂ ਨੂੰ ਮਿਲਣ ਵਾਲੀ ਸਹਾਇਤਾ ਦੀ ਸਮੀਖਿਆ ਕੀਤੀ ਜਾਵੇ
- ਸਕੂਲਾਂ ਦੇ ਔਸਤ ਨਤੀਜੇ ‘ਮਾਈ ਸਕੂਲ ਵੈੱਬਸਾਈਟ’ ਉੱਤੇ ਵੇਖਣ ਵਿੱਚ ਬਰਾਦਰੀ ਦੀ

NAPLAN ਸਕੂਲ ਦੇ ਦੂਸਰੇ ਮੁਲਾਂਕਣਾਂ ਦੀ ਪੂਰਤੀ ਵਜੋਂ ਵੀ ਕੰਮ ਕਰਦਾ ਹੈ ਅਤੇ ਸਰਕਾਰਾਂ ਨੂੰ ਰਾਸ਼ਟਰੀ ਪੱਧਰ ‘ਤੇ ਤੁਲਨਾਤਮਕ ਡਾਟਾ ਪ੍ਰਦਾਨ ਕਰ ਕੇ ਇਹ ਹਿਸਾਬ ਲਗਾਉਣ ਵਿੱਚ ਸਹਾਇਤਾ ਕਰਦਾ ਹੈ ਕਿ ਸਿੱਖਿਆ ਪ੍ਰੋਗਰਾਮ ਕਿਵੇਂ ਕੰਮ ਕਰ ਰਹੇ ਹਨ ਅਤੇ ਕੀ ਵਿਦਿਆਰਥੀ ਮਹੱਤਵਪੂਰਨ ਸਾਖਰਤਾ ਅਤੇ ਅੰਕ ਗਿਆਨ ਦੇ ਮਾਪਦੰਡਾਂ ਨੂੰ ਪੂਰਾ ਕਰ ਰਹੇ ਹਨ ਜਾਂ ਨਹੀਂ।

## ਮੇਰੇ ਨਤੀਜੇ ਹੋਰ ਕੌਣ ਵੇਖੇਗਾ?

ਹਰ ਸਾਲ, ਟੈਸਟ ਪ੍ਰਸ਼ਾਸਨ-ਅਧਿਕਾਰੀ ਸਕੂਲਾਂ ਨੂੰ ਉਨ੍ਹਾਂ ਸਾਰੇ ਵਿਦਿਆਰਥੀਆਂ ਦੇ ਨਤੀਜੇ ਪ੍ਰਦਾਨ ਕਰਦੇ ਹਨ, ਜਿਨ੍ਹਾਂ ਨੇ NAPLAN ਦਾ ਇਮਤਿਹਾਨ ਦਿੱਤਾ ਸੀ। ਸਕੂਲਾਂ ਨੂੰ ਨਤੀਜਿਆਂ ਦੀ ਵਰਤੋਂ ਕਰਨ ਦੀ ਪ੍ਰੇਰਣਾ ਦਿੱਤੀ ਜਾਂਦੀ ਹੈ ਤਾਂ ਜੋ ਸਮੁੱਚੇ ਸਕੂਲ ਵਿੱਚ ਸੁਧਾਰ ਲਿਆਉਣ ਲਈ, ਉਨ੍ਹਾਂ ਦੀ ਯੋਜਨਾਬੰਦੀ ਦੀ ਜਾਣਕਾਰੀ ਦਿੱਤੀ ਜਾ ਸਕੇ। ਵਿਅਕਤੀਗਤ ਵਿਦਿਆਰਥੀ ਰਿਪੋਰਟਾਂ ਗੁਪਤ ਰੱਖੀਆਂ ਜਾਂਦੀਆਂ ਹਨ। ਤੁਹਾਡੇ ਸਥਾਨਕ ਟੈਸਟ ਪ੍ਰਸ਼ਾਸਨ-ਅਧਿਕਾਰੀ ਜਾਂ ਤੁਹਾਡੇ ਸਕੂਲ ਤੋਂ ਬਾਹਰ ਕੋਈ ਵੀ ਹੋਰ, ਤੁਹਾਡੇ ਬੱਚੇ ਦੀ ਰਿਪੋਰਟ ਨਹੀਂ ਵੇਖੇਗਾ।

ਔਸਤ ਸਕੂਲ ਨਤੀਜੇ ਮਾਈ ਸਕੂਲ (www.myschool.edu.au) ਦੇ ਉੱਤੇ ਆਮ ਹੀ ਜਾਰੀ ਕੀਤੇ ਜਾਂਦੇ ਹਨ। ਹਰ ਸਾਲ ਦੀ ਪਹਿਲੀ ਤਿਮਾਹੀ ਵਿੱਚ, ਵੈੱਬਸਾਈਟ ਨੂੰ ਪਿਛਲੇ ਸਾਲ ਦੇ ਨਤੀਜਿਆਂ ਰਾਹੀਂ ਤਾਜ਼ਾ ਕੀਤਾ ਜਾਂਦਾ ਹੈ। ਮਾਈ ਸਕੂਲ, ਬਰਾਦਰੀ ਨੂੰ ਹਰ ਇੱਕ ਸਕੂਲੀ ਵਿਵਰਣ ਦੇ ਵੱਖ-ਵੱਖ ਪਹਿਲੂਆਂ ਨੂੰ ਦੇਖਣ ਦੇ ਸਮਰੱਥ ਬਣਾਉਂਦਾ ਹੈ ਤਾਂ ਜੋ ਅਜਿਹੇ ਸਕੂਲਾਂ ਵਿੱਚ ਤੁਲਨਾ ਕੀਤੀ ਜਾ ਸਕੇ ਜੋ ਕਿ ਇੱਕ ਸਮਾਨ ਵਿਦਿਆਰਥੀ ਆਬਾਦੀ ਦੀ ਸੇਵਾ ਕਰਦੇ ਹਨ। ਤੁਹਾਡੇ ਬੱਚੇ ਦੇ ਵਿਅਕਤੀਗਤ ਨਤੀਜੇ ਮਾਈ ਸਕੂਲ ਉੱਪਰ ਉਪਲਬਧ ਨਹੀਂ ਹੁੰਦੇ।

## ਜੇ ਨਤੀਜੇ ਅਜਿਹੇ ਹਨ ਜਿਨ੍ਹਾਂ ਦੀ ਉਮੀਦ ਮੈਂ ਜਾਂ ਮੇਰੇ ਬੱਚੇ ਨੇ ਨਹੀਂ ਕੀਤੀ ਸੀ, ਤਾਂ ਕੀ ਹੋਵੇਗਾ?

NAPLAN ਟੈਸਟ ਸਾਖਰਤਾ ਅਤੀ ਅੰਕ ਗਿਆਨ ਨੂੰ ਸਿੱਖਣ ਦੀ ਤਰੱਕੀ ਦਾ ਮੁਲਾਂਕਣ ਕਰਦੇ ਹਨ। ਵਿਦਿਆਰਥੀਆਂ ਨੂੰ ਇਹ ਸੰਕੇਤ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਨਤੀਜੇ ਹਰ ਇੱਕ ਪ੍ਰੀਖਿਆ ਦੇ ਮੁਲਾਂਕਣ ਸਕੇਲ ਉੱਤੇ ਕਿੱਥੇ ਸਥਿਤ ਹਨ। ਹਾਲਾਂਕਿ NAPLAN ਦੇ ਨਤੀਜਿਆਂ ਦੀ ਤੁਲਨਾ ਰਾਸ਼ਟਰੀ ਪੱਧਰ ਦੇ ਸਾਰੇ ਵਿਦਿਆਰਥੀਆਂ ਵਿੱਚਕਾਰ ਅਤੇ ਸਮੇਂ ਸਮੇਂ ਸਿਰ ਕੀਤੀ ਜਾ ਸਕਦੀ ਹੈ, ਪਰ ਪ੍ਰੀਖਿਆ ਦੇ ਦਿਨ ਕਿਸੇ ਵਿਦਿਆਰਥੀ ਦਾ ਅਨੁਭਵ ਕਿਹੋ ਜਿਹਾ ਰਿਹਾ, ਇਹ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਪ੍ਰਭਾਵਤ ਕਰ ਸਕਦਾ ਹੈ।

ਜੇ ਆਪਣੇ ਬੱਚੇ ਦੇ NAPLAN ਨਤੀਜਿਆਂ ਬਾਰੇ ਤੁਹਾਡੇ ਕੋਈ ਸਵਾਲ ਜਾਂ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਉਨ੍ਹਾਂ ਬਾਰੇ ਆਪਣੇ ਬੱਚੇ ਦੇ ਅਧਿਆਪਕ ਨਾਲ ਚਰਚਾ ਕਰਨੀ ਚਾਹੀਦੀ ਹੈ, ਜਿਸਨੂੰ ਤੁਹਾਡੇ ਬੱਚੇ ਦੇ ਸਿੱਖਿਆ ਦੇ ਵਿਕਾਸ ਸਬੰਧੀ ਸਭ ਤੋਂ ਵਧੀਆ ਸਮਝ ਹੋਵੇਗੀ।

NAPLAN ਅਤੇ/ਜਾਂ ਇਸ ਦੇ ਹੁਣ ਆਨਲਾਇਨ ਕੀਤੇ ਜਾਣ ਬਾਰੇ ਵਧੇਰੇ ਜਾਨਣ ਲਈ www.nap.edu.au ‘ਤੇ ਜਾਓ।